## (4) ਗੁਰੂ ਰਾਮਦਾਸ ਜੀ (1574- 1581 ਈ.)

• ਜਨਮ- 24 ਸਤੰਬਰ, 1534 ਚੂਨਾ ਮੰਡੀ ਲਾਹੌਰ

• ਮਾਤਾ-ਪਿਤਾ - ਅਨੂਪ ਦੇਵੀ, ਹਰਿਦਾਸ • ਬਚਪਨ ਦਾ ਨਾਂ- ਭਾਈ ਜੇਠਾ

• ਸੰਤਾਨ- ਤਿੰਨ ਪੁੱਤਰ- ਪ੍ਰਿਥੀ ਚੰਦ, ਮਹਾਂਦੇਵ, ਅਰਜਨ ਦੇਵ • ਵਿਆਹ- ਬੀਬੀ ਭਾਨੀ

• ਭਾਈ ਜੇਠਾ ਕੁੱਝ ਸਿੱਖਾਂ ਨਾਲ ਗੁਰੂ ਅਮਰਦਾਸ ਦੇ ਦਰਸ਼ਨਾਂ ਲਈ ਗੋਇੰਦਵਾਲ ਆਏ ਸਨ।

• ਭਾਈ ਜੇਠਾ ਦੀ ਸੇਵਾ ਭਾਵਨਾ ਤੋਂ ਖੁਸ਼ ਹੋ ਕੇ ਗੁਰੂ ਅਮਰਦਾਸ ਨੇ ਗੁਰਗੱਦੀ ਸੌਂਪੀ।

• ਗੁਰੂ ਅਮਰਦਾਸ ਨੇ ਭਾਈ ਜੇਠਾ (ਗੁਰੂ ਰਾਮਦਾਸ) ਦਾ ਵਿਆਹ ਆਪਣੀ ਪੁੱਤਰੀ ਬੀਬੀ ਭਾਨੀ ਨਾਲ ਕੀਤਾ।

• ਅਕਬਰ ਵੱਲੋਂ ਬੀਬੀ ਭਾਨੀ ਦੇ ਨਾਮ ਕੁੱਝ ਪਿੰਡਾਂ ਦੀ ਜਮੀਨ ਲਾਈ ਗਈ ਸੀ।

• ਗੁਰੂ ਰਾਮਦਾਸ ਵੱਲੋਂ 1577 ਵਿੱਚ ਰਾਮਦਾਸਪੁਰਾ (ਅੰਮ੍ਰਿਤਸਰ) ਸ਼ਹਿਰ ਵਸਾਇਆ। (ਬੀਬੀ ਭਾਨੀ ਦੀ ਜਮੀਨ ਤੇ)

• 1577 ਈ. ਵਿੱਚ ਗੁਰੂ ਰਾਮਦਾਸ ਨੇ ਰਾਮਦਾਸਪੁਰਾ ਵਿੱਚ ਦੋ ਸਰੋਵਰ ਅੰਮ੍ਰਿਤਸਰ ਅਤੇ ਸੰਤੋਖਸਰ ਦੀ ਖੁਦਾਈ ਸ਼ੁਰੂ ਕਰਵਾਈ। (ਸੰਤੋਖਸਰ ਗੁਰਦੁਆਰਾ ਟਾਹਲੀ ਸਾਹਿਬ ਬਣਿਆ ਹੈ)

• ਅੰਮ੍ਰਿਤਸਰ ਸਰੋਵਰ ਦੇ ਨਾਂ ਤੇ ਹੀ ਅੰਮ੍ਰਿਤਸਰ ਸ਼ਹਿਰ ਦਾ ਨਾਂ ਪਿਆ।

• ਰਾਮਦਾਸਪੁਰਾ (ਅੰਮ੍ਰਿਤਸਰ) ਨੂੰ ਗੁਰੂ ਕਾ ਚੱਕ, ਚੱਕ ਗੁਰੂ ਰਾਮਦਾਸ ਵੀ ਕਿਹਾ ਜਾਂਦਾ ਹੈ। (ਹੌਲੀ-2 ਇੱਥੇ 52 ਵਪਾਰੀ ਆ ਕੇ ਵਸ ਗਏ ਅਤੇ ਗੁਰੂ ਕਾ ਬਾਜ਼ਾਰ ਬਣ ਗਿਆ)

• ਗੁਰੂ ਰਾਮਦਾਸ ਨੇ ਮਸੰਦ ਪ੍ਰਥਾ ਦੀ ਸ਼ੁਰੂਆਤ ਕੀਤੀ। ਮਸੰਦਾਂ ਨੂੰ ਰਾਮਦਾਸੀਏ ਵੀ ਕਹਿੰਦੇ ਹਨ।

• ਮਸੰਦ ਸਿੱਖੀ ਦਾ ਪ੍ਰਚਾਰ ਕਰਦੇ ਸਨ ਅਤੇ ਧਨ ਇਕੱਠਾ ਕਰਦੇ ਸਨ (ਸਰੋਵਰਾਂ ਲਈ) (ਹੌਲੀ-2 ਮਸੰਦ ਲਾਲਚੀ ਹੋ ਗਏ ਸਨ, ਗੁਰੂ ਗੋਬਿੰਦ ਸਿੰਘ ਨੇ ਮਸੰਦ ਪ੍ਰਥਾ ਖਤਮ ਕਰ ਦਿੱਤੀ)

#ਗੁਰੂ ਰਾਮਦਾਸ ਨੇ ਅਨੰਦ ਕਾਰਜ ਸਮੇਂ ਹੋਣ ਵਾਲੀਆਂ ਲਾਵਾਂ ਦੀ ਰਚਨਾ ਕੀਤੀ।

• ਉਦਾਸੀ ਮੱਤ ਦੇ ਸੰਸਥਾਪਕ ਬਾਬਾ ਸ੍ਰੀ ਚੰਦ ਜੀ ਗੁਰੂ ਰਾਮਦਾਸ ਜੀ ਕੋਲ ਆਏ ਸਨ।

• ਰਾਮਦਾਸ ਸਮੇਂ ਸਿੱਖਾਂ ਅਤੇ ਉਦਾਸੀ ਮੱਤ ਵਿਚਕਾਰ ਸਮਝੌਤਾ ਹੋਇਆ।

• ਗੁਰੂ ਰਾਮਦਾਸ ਦੀ ਨਿਮਰਤਾ ਅਤੇ ਉੱਤਮ ਗੁਣਾਂ ਤੋਂ ਪ੍ਰਭਾਵਿਤ ਹੋ ਕੇ ਬਾਬਾ ਸ੍ਰੀ ਚੰਦ ਨੇ ਸਿੱਖਾਂ ਦਾ ਵਿਰੋਧ ਕਰਨਾ ਛੱਡ ਦਿੱਤਾ।

• ਗੁਰੂ ਰਾਮਦਾਸ ਨੇ ਵਿਆਹ ਸਮੇਂ ਗਾਈਆਂ ਜਾਣ ਵਾਲੀਆਂ ਘੋੜੀਆਂ ਦੀ ਰਚਨਾ ਕੀਤੀ।

• ਰਾਮਦਾਸ ਅਤੇ ਅਕਬਰ ਦੇ ਸੰਬੰਧ ਚੰਗੇ ਰਹੇ। ਅਕਬਰ ਨੇ ਗੁਰੂ ਰਾਮਦਾਸ ਦੇ ਕਹਿਣ ਤੇ ਕਿਸਾਨਾਂ ਦਾ ਭੂਮੀ ਕਰ ਮਾਫ਼ ਕਰ ਦਿੱਤਾ ਸੀ। ਲਾਹੌਰ 'ਚ 500 ਵਿੱਘੇ ਜਮੀਨ ਵੀ ਦਿੱਤੀ।

• ਗੁਰੂ ਰਾਮਦਾਸ ਦਾ ਵੱਡਾ ਪੁੱਤਰ ਪ੍ਰਿਥੀ ਚੰਦ ਲਾਲਚੀ ਸੀ, ਮਹਾਂਦੇਵ ਦੀ ਸੰਸਾਰਿਕ ਕੰਮਾਂ ਵਿੱਚ ਕੋਈ ਰੁਚੀ ਨਹੀਂ ਸੀ। (ਪ੍ਰਿਥੀ ਚੰਦ ਨੇ ਮੀਣਾ ਸੰਪਰਦਾਇ ਚਲਾਈ)

• ਰਾਮਦਾਸ ਨੇ ਗੁਰਗੱਦੀ ਆਪਣੇ ਛੋਟੇ ਪੁੱਤਰ ਅਰਜਨ ਦੇਵ ਨੂੰ ਸੌਂਪੀ।

• ਗੁਰੂ ਰਾਮਦਾਸ ਦੇ ਗੁਰੂ ਗ੍ਰੰਥ ਸਾਹਿਬ ਵਿੱਚ 679 ਸ਼ਬਦ ਦਰਜ ਹਨ।

• ਗੁਰੂ ਰਾਮਦਾਸ ਜੀ 1 ਸਤੰਬਰ 1581 ਨੂੰ ਗੋਇੰਦਵਾਲ ਵਿਖੇ ਜੋਤੀ ਜੋਤਿ ਸਮਾਏ।

5. ਗੁਰੂ ਅਰਜਨ ਦੇਵ ਜੀ (1581–1606 ਈ.)

• ਜਨਮ- 15 ਅਪ੍ਰੈਲ, 1563 ਈ. ਗੋਇੰਦਵਾਲ ਸਮਕਾਲੀ ਮੁਗਲ- ਅਕਬਰ, ਜਹਾਂਗੀਰ
• ਮਾਤਾ ਪਿਤਾ- ਬੀਬੀ ਭਾਨੀ, ਗੁਰੂ ਰਾਮਦਾਸ ਜੀ ਪੁੱਤਰ- ਹਰਗੋਬਿੰਦ ਜੀ
• ਵਿਆਹ- 1579 ਵਿਚ ਬੀਬੀ ਗੰਗਾ ਨਾਲ ਮਉ ਪਿੰਡ (ਫਿਲੌਰ)
• ਸਿੱਖਾਂ ਦੇ ਪੰਜਵੇਂ ਗੁਰੂ ਅਰਜਨ ਦੇਵ ਨੇ ਬਾਬਾ ਬੁੱਢਾ ਤੋਂ ਗੁਰਮੁਖੀ ਸਿੱਖੀ।
• ਗੁਰੂ ਰਾਮਦਾਸ ਜੀ ਦੁਆਰਾ ਸ਼ੁਰੂ ਕੀਤੇ ਸੰਤੋਖਸਰ ਅਤੇ ਅੰਮ੍ਰਿਤਸਰ ਸਰੋਵਰਾਂ ਦੀ ਸੇਵਾ ਗੁਰੂ ਅਰਜਨ ਦੇਵ ਨੇ ਪੂਰੀ ਕਰਵਾਈ।
• ਸੰਤੋਖਸਰ (ਪਹਿਲਾ ਸਰੋਵਰ) ਕੋਲ ਟਾਹਲੀ ਹੇਠਾਂ ਬੈਠ ਕੇ ਅਰਜਨ ਦੇਵ ਨੇ ਸੇਵਾ ਕਰਵਾਈ
• ਸੰਤੋਖਸਰ ਹਰਿਮੰਦਿਰ ਸਾਹਿਬ ਤੋਂ ਥੋੜ੍ਹੀ ਦੂਰੀ ਤੇ ਹੈ, ਇੱਥੇ ਗੁ: ਟਾਹਲੀ ਸਾਹਿਬ ਹੈ।
• ਗੁਰੂ ਅਰਜਨ ਦੇਵ ਨੇ ਹਰਿਮੰਦਿਰ ਸਾਹਿਬ ਦਾ ਨਿਰਮਾਣ ਕਰਵਾਇਆ।
# ਹਰਿਮੰਦਿਰ ਸਾਹਿਬ ਦੀ ਨੀਂਹ 1588 ਵਿਚ ਸਾਈਂ ਮੀਆਂ ਮੀਰ ਤੋਂ ਰਖਵਾਈ।
• ਅਰਜਨ ਦੇਵ ਨੇ ਮਸੰਦ ਪ੍ਰਥਾ ਦਾ ਵਿਕਾਸ ਕੀਤਾ ਅਤੇ ਹਰੇਕ ਸਿੱਖ ਨੂੰ ਆਪਣੀ ਕਮਾਈ ਵਿਚੋਂ ਦਸਵੰਧ (ਦਸਵਾਂ ਹਿੱਸਾ) ਭੇਂਟ ਕਰਨ ਲਈ ਪ੍ਰੇਰਿਤ ਕੀਤਾ।
# ਗੁਰੂ ਅਰਜਨ ਦੇਵ ਨੇ ਆਦਿ ਗ੍ਰੰਥ ਦਾ ਸੰਪਾਦਨ ਕੀਤਾ। ਸਾਰੀ ਬਾਣੀ ਭਾਈ ਗੁਰਦਾਸ ਤੋਂ ਲਿਖਵਾਈ। ("ਪੋਥਿਆ ਬਾਣੀ ਦਾ ਬੋਹਿਥਾ" - ਗੁਰੂ ਅਮਰਦਾਸ ਜੀ)
• ਭਾਈ ਗੁਰਦਾਸ ਨੇ 39 ਵਾਰਾਂ ਦੀ ਰਚਨਾ ਕੀਤੀ ਇਨ੍ਹਾਂ ਨੂੰ ਆਦਿ ਗ੍ਰੰਥ ਦੀ ਕੁੰਜੀ ਕਹਿੰਦੇ ਹਨ।
• ਆਦਿ ਗ੍ਰੰਥ (ਗੁਰੂ ਗ੍ਰੰਥ ਸਾਹਿਬ) ਦਾ ਪਹਿਲਾ ਪ੍ਰਕਾਸ਼ 1604 ਈ. ਨੂੰ ਹਰਿਮੰਦਿਰ ਸਾਹਿਬ ਵਿੱਚ ਹੋਇਆ। ਇਸਦੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਸਨ।
• ਗੁਰੂ ਗ੍ਰੰਥ ਵਿਚ ਅਰਜਨ ਦੇਵ ਦੇ 2218 ਸ਼ਬਦ ਹਨ। 30 ਰਾਗਾਂ ਵਿਚ
• ਗੁਰੂ ਗ੍ਰੰਥ ਸਾਹਿਬ ਵਿਚ 6 ਸਿੱਖ ਗੁਰੂਆਂ, 15 ਭਗਤਾਂ, 11 ਭੱਟਾਂ ਤੋਂ ਇਲਾਵਾ ਕਬੀਰ, ਬਾਬਾ ਫਰੀਦ, ਰਵੀਦਾਸ, ਸੂਰਦਾਸ, ਜੈਦੇਵ, ਨਾਮਦੇਵ, ਤ੍ਰਿਲੋਚਨ, ਧੰਨਾ, ਪੀਪਾ, ਸੈਣ ਅਤੇ ਸਧਨਾ ਆਦਿ ਦੀ ਬਾਣੀ ਦਰਜ ਹੈ। ਆਦਿ ਗ੍ਰੰਥ ਵਿਚ 1430 ਪੰਨੇ (ਅੰਗ) ਹਨ।
• ਆਦਿ ਗ੍ਰੰਥ ਵਿਚ ਪਹਿਲੇ ਪੰਜ ਸਿੱਖ ਗੁਰੂ ਅਤੇ ਨੌਵੇਂ ਗੁਰੂ ਤੇਗ ਬਹਾਦਰ ਦੀ ਬਾਣੀ ਹੈ।
• ਛੇ ਗੁਰੂਆਂ ਦੇ ਸ਼ਬਦ - ਗੁਰੂ ਨਾਨਕ- 974, ਅੰਗਦਦੇਵ - 62, ਅਮਰਦਾਸ- 907, ਗੁਰੂ ਰਾਮਦਾਸ - 679, ਗੁਰੂ ਅਰਜਨ ਦੇਵ - 2218, ਤੇਗ ਬਹਾਦਰ- 116 ਸ਼ਬਦ।
• ਗੁਰੂ ਅਰਜਨ ਦੇਵ ਨੇ ਛੇਹਰਟਾ ਨਗਰ ਵਸਾਇਆ। ਪਾਣੀ ਦੀ ਘਾਟ ਨੂੰ ਪੂਰਾ ਕਰਨ ਲਈ ਇੱਥੇ ਇੱਕ ਖੂਹ ਬਣਵਾਇਆ ਜਿਸਤੇ ਛੇ ਹਰਟ ਲਗਵਾਏ। (ਵਡਾਲੀ ਪਿੰਡ ਵਿੱਚ)
• ਆਪਣੇ ਪੁੱਤਰ ਹਰਗੋਬਿੰਦ ਦੇ ਜਨਮ ਦੀ ਖੁਸ਼ੀ ਵਿਚ ਗੁਰੂ ਅਰਜਨ ਦੇਵ ਜੀ ਨੇ 1595 ਵਿੱਚ ਬਿਆਸ ਨਦੀ ਕੰਢੇ ਹਰਗੋਬਿੰਦਪੁਰਾ ਨਗਰ ਸਥਾਪਿਤ ਕੀਤਾ।
# ਅਰਜਨ ਦੇਵ ਨੇ 1590 ਵਿਚ ਤਰਨਤਾਰਨ, 1593 ਨੂੰ ਕਰਤਾਰਪੁਰ, 1595 ਹਰਗੋਬਿੰਦਪੁਰਾ ਨਗਰ ਵਸਾਏ। (ਕਰਤਾਰਪੁਰ ਵਿਖੇ ਗੰਗਸਰ ਸਰੋਵਰ ਬਣਵਾਇਆ)

- ਅਰਜਨ ਦੇਵ ਨੇ ਪਾਣੀ ਦੀ ਘਾਟ ਨੂੰ ਪੂਰਾ ਕਰਨ ਲਈ 1599 ਈ: ਨੂੰ ਲਾਹੌਰ ਦੇ ਡੱਬੀ ਬਾਜ਼ਾਰ ਵਿੱਚ ਬਾਉਲੀ ਦਾ ਨਿਰਮਾਣ ਕਰਵਾਇਆ।
- 1628 ਈ: ਵਿੱਚ ਮੁਗਲ ਬਾਦਸ਼ਾਹ ਸ਼ਾਹਜਹਾਂ ਨੇ ਲਾਹੌਰ ਦੀ ਬਾਉਲੀ ਨੂੰ ਮਿੱਟੀ ਨਾਲ ਭਰਵਾ ਦਿੱਤਾ ਸੀ।

## ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਕਾਰਣ

- ਗੁਰੂ ਅਰਜਨ ਦੇਵ ਦੇ ਮੁਗਲ ਬਾਦਸ਼ਾਹ ਅਕਬਰ ਨਾਲ ਸੰਬੰਧ ਚੰਗੇ ਰਹੇ।
- ਅਕਬਰ ਤੋਂ ਬਾਅਦ ਉਸਦਾ ਪੁੱਤਰ ਜਹਾਂਗੀਰ ਰਾਜਾ ਬਣਿਆ, ਜੋ ਕਿ ਬਹੁਤ ਕੱਟੜ ਸੀ।
- ਜਹਾਂਗੀਰ ਦਾ ਪੁੱਤਰ ਖੁਸਰੋ ਆਪਣੇ ਪਿਤਾ ਨਾਲ ਬਗਾਵਤ ਕਰਕੇ ਗੁਰੂ ਅਰਜਨ ਦੇਵ ਕੋਲ ਆ ਗਿਆ ਸੀ। ਵਿਰੋਧੀਆਂ ਨੇ ਜਹਾਂਗੀਰ ਨੂੰ ਅਰਜਨ ਦੇਵ ਵਿਰੁੱਧ ਭੜਕਾਇਆ।
- ਗੁਰੂ ਅਰਜਨ ਦੇਵ ਦਾ ਵੱਡਾ ਭਰਾ ਪ੍ਰਿਥੀ ਚੰਦ ਗੁਰਗੱਦੀ ਤੇ ਆਪਣਾ ਹੱਕ ਸਮਝਦਾ ਸੀ। ਪ੍ਰਿਥੀਆ ਹੰਕਾਰੀ ਤੇ ਲਾਲਚੀ ਸੀ। ਉਸਨੇ ਵੀ ਜਹਾਂਗੀਰ ਕੋਲ ਗੁਰੂ ਦੀ ਸ਼ਿਕਾਇਤ ਕੀਤੀ।
- ਚੰਦੂ ਸ਼ਾਹ ਆਪਣੀ ਪੁੱਤਰੀ ਦਾ ਰਿਸ਼ਤਾ ਗੁਰੂ ਅਰਜਨ ਦੇਵ ਦੇ ਸਪੁੱਤਰ ਹਰਗੋਬਿੰਦ ਲਈ ਲੈ ਕੇ ਆਇਆ ਸੀ। ਗੁਰੂ ਜੀ ਨੇ ਇਹ ਰਿਸ਼ਤਾ ਲੈਣ ਤੋਂ ਮਨਾ ਕਰ ਦਿੱਤਾ ਸੀ।
- ਰਿਸ਼ਤੇ ਲਈ ਨਾਂਹ ਕਰਨ ਤੇ ਚੰਦੂ ਸ਼ਾਹ ਵੀ ਗੁਰੂ ਅਰਜਨ ਦੇਵ ਦੇ ਵਿਰੁੱਧ ਹੋ ਗਿਆ।
- ਨਕਸ਼ਬੰਦੀ ਲਹਿਰ ਦੀ ਸਥਾਪਨਾ ਸਰਹਿੰਦ ਦੇ ਸ਼ੇਖ਼ ਅਹਿਮਦ ਵੱਲੋਂ ਕੀਤੀ ਸੀ। ਨਕਸ਼ਬੰਦੀਆਂ ਨੇ ਵੀ ਜਹਾਂਗੀਰ ਨੂੰ ਗੁਰੂ ਜੀ ਦੇ ਵਿਰੁੱਧ ਭੜਕਾਇਆ।

#ਖੁਸਰੋ ਦੀ ਸਹਾਇਤਾ, ਪ੍ਰਿਥੀ ਚੰਦ ਦੀ ਦੁਸ਼ਮਣੀ, ਚੰਦੂ ਸ਼ਾਹ ਅਤੇ ਨਕਸ਼ਬੰਦੀਆਂ ਦਾ ਜਹਾਂਗੀਰ ਨੂੰ ਅਰਜਨ ਦੇਵ ਵਿਰੁੱਧ ਭੜਕਾਉਣਾ ਸ਼ਹੀਦੀ ਦਾ ਕਾਰਨ ਬਣਿਆ।

- ਸ਼ਹੀਦੀ ਦਾ ਤੱਤਕਾਲੀ ਕਾਰਨ ਸ਼ਹਿਜ਼ਾਦਾ ਖੁਸਰੋ ਦਾ ਗੁਰੂ ਕੋਲ ਆਉਣਾ ਸੀ।
- ਪ੍ਰਿਥੀ ਚੰਦ ਨੇ ਮੀਣਾ ਸੰਪਰਦਾਇ ਚਲਾਈ ਸੀ। ਬਾਦ ਵਿੱਚ ਮਿਹਰਬਾਨ ਨੇ ਸੰਭਾਲੀ।
- 30 ਮਈ, 1606 ਈ: ਨੂੰ ਲਾਹੌਰ ਵਿਖੇ ਗੁਰੂ ਅਰਜਨ ਦੇਵ ਨੂੰ ਤੱਤੀ ਤਵੀ ਤੇ ਬਿਠਾ ਕੇ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।
- ਗੁਰੂ ਅਰਜਨ ਦੇਵ ਨੂੰ ਸ਼ਹੀਦਾਂ ਦੇ ਸਿਰਤਾਜ ਕਿਹਾ ਜਾਂਦਾ ਹੈ।

#ਅਰਜਨ ਦੇਵ ਨੇ ਸਿੱਖਾਂ ਨੂੰ ਅਰਬ ਦੇਸ਼ਾਂ ਨਾਲ ਘੋੜਿਆਂ ਦਾ ਵਪਾਰ ਕਰਨ ਲਈ ਪ੍ਰੇਰਿਤ ਕੀਤਾ ਸੀ।

#ਆਦਿ ਗ੍ਰੰਥ ਦਾ ਪਹਿਲਾ ਪ੍ਰਕਾਸ਼ ਹਰਿਮੰਦਰ ਵਿਖੇ 16 ਅਗਸਤ, 1604 ਨੂੰ ਹੋਇਆ।

#ਆਦਿ ਗ੍ਰੰਥ ਮੁੰਦਾਵਣੀ ਦੇ ਦੋ ਸਲੋਕਾਂ ਨਾਲ ਸਮਾਪਤ ਹੁੰਦਾ ਹੈ।

#ਹਰਿਮੰਦਰ ਸਾਹਿਬ ਦੀ ਯਾਤਰਾ ਦਾ ਫਲ 68 ਤੀਰਥ ਸਥਾਨਾਂ ਦੇ ਬਰਾਬਰ ਹੈ।

#ਆਦਿ ਗ੍ਰੰਥ ਗੁਰਮੁਖੀ ਲਿਪੀ ਵਿੱਚ ਲਿਖਿਆ ਗਿਆ ਹੈ।